# ਪਲਾਸਟਿਕ ਦੇ ਬੈਗ ਅਤੇ ਇਕ ਵਾਰੀ ਵਰਤੀਆਂ ਜਾਣ ਵਾਲੀਆਂ ਚੀਜ਼ਾਂ ਬਾਰੇ ਬਾਈਲਾਅ



## ਡੈਲਟਾ ਦੇ ਬਿਜ਼ਨਸਾਂ ਲਈ ਗਾਈਡ ਅਤੇ ਟੂਲਕਿੱਟ

Delta

[Punjabi]



## ਜਾਣ-ਪਛਾਣ

ਡੈਲਟਾ ਸਿਟੀ ਨੇ ਹੁਣੇ ਹੁਣੇ ਪਲਾਸਟਿਕ ਦੇ ਬੈਗਾਂ ਅਤੇ ਇਕ ਵਾਰੀ ਵਰਤੀਆਂ ਜਾਣ ਵਾਲੀਆਂ ਚੀਜ਼ਾਂ ਬਾਰੇ ਬਾਈਲਾਅ ਨੰਬਰ 8075 ਪ੍ਰਵਾਨ ਕੀਤਾ ਹੈ ਜਿਹੜਾ ਖਾਣਿਆਂ ਲਈ ਫੋਮ ਦੇ ਭਾਂਡਿਆਂ ਅਤੇ ਪਲਾਸਟਿਕ ਦੇ ਚੈੱਕਆਊਟ ਬੈਗਾਂ ਦੀ ਵਰਤੋਂ 'ਤੇ ਪਾਬੰਦੀ ਲਾਉਂਦਾ ਹੈ। ਸਿਟੀ ਵਲੋਂ ਇਹ ਬਾਈਲਾਅ ਬੇਲੋੜੇ ਗਾਰਬੇਜ ਅਤੇ ਪਲਾਸਟਿਕ ਦੀ ਗੰਦਗੀ ਨੂੰ ਘਟਾਉਣ ਵਿਚ ਮਦਦ ਲਈ ਅਪਣਾਇਆ ਗਿਆ ਸੀ, ਅਤੇ ਨਵੀਂ ਪਾਬੰਦੀ ਡੈਲਟਾ ਸਿਟੀ ਵਿਚ ਚੱਲ ਰਹੇ ਸਾਰੇ ਬਿਜ਼ਨਸਾਂ 'ਤੇ ਲਾਗੂ ਹੁੰਦੀ ਹੈ। ਡੈਲਟਾ ਦਾ ਪਲਾਸਟਿਕ ਦੇ ਬੈਗਾਂ ਅਤੇ ਇਕ ਵਾਰੀ ਵਰਤੀਆਂ ਜਾਣ ਵਾਲੀਆਂ ਚੀਜ਼ਾਂ ਬਾਰੇ ਬਾਈਲਾਅ, ਬੀ ਸੀ ਦੀਆਂ ਹੋਰ ਮਿਊਂਨਿਸਪਲਟੀਆਂ (ਸਰੀ, ਰਿਚਮੰਡ, ਵੈਨਕੂਵਰ) ਵਿਚ ਲੱਗੀਆਂ ਪਾਬੰਦੀਆਂ ਨਾਲ, ਅਤੇ ਇਸ ਦੇ ਨਾਲ ਨਾਲ ਸੂਬਾਈ ਸਰਕਾਰ ਅਤੇ ਮੈਟਰੋ ਵੈਨਕੂਵਰ ਵਲੋਂ ਤਿਆਰ ਕੀਤੀਆਂ ਗਈਆਂ ਰੈਗੂਲੇਸ਼ਨਜ਼ ਅਤੇ ਗਾਈਡਲਾਈਨਾਂ ਨਾਲ ਮੇਲ ਖਾਂਦਾ ਹੈ।

ਡੈਲਟਾ ਦਾ ਪਲਾਸਟਿਕ ਦੇ ਬੈਗਾਂ ਅਤੇ ਇਕ ਵਾਰੀ ਵਰਤੀਆਂ ਜਾਣ ਵਾਲੀਆਂ ਚੀਜ਼ਾਂ ਬਾਰੇ ਬਾਈਲਾਅ 6 ਜੂਨ, 2022 ਤੋਂ ਲਾਗੂ ਹੋ ਰਿਹਾ ਹੈ; ਪਰ, ਸਿਟੀ ਇਸ ਬਾਈਲਾਅ ਨੂੰ ਲਾਗੂ ਕਰਨ ਤੋਂ ਪਹਿਲਾਂ ਜ਼ਿਆਦਾ ਸਮਾਂ ਦੇ ਰਿਹਾ ਹੈ ਤਾਂ ਜੋ ਤਬਦੀਲੀ ਕਰਨ ਲਈ ਬਿਜ਼ਨਸਾਂ ਕੋਲ ਜ਼ਿਆਦਾ ਸਮਾਂ ਹੋਵੇ। ਇਸ ਨੂੰ ਸਖਤੀ ਨਾਲ ਲਾਗੂ ਕਰਨ ਦੀ ਕਾਰਵਾਈ ਦਸੰਬਰ 2022 ਤੱਕ ਸ਼ੁਰੂ ਨਹੀਂ ਹੋਵੇਗੀ।

ਇਸ ਬਾਈਲਾਅ ਨਾਲ ਸੰਬੰਧਿਤ ਨਵੀਂਆਂ ਸ਼ਰਤਾਂ ਬਾਰੇ ਲੋਕਲ ਬਿਜ਼ਨਸਾਂ ਨੂੰ ਜਾਣੂ ਕਰਵਾਉਣ ਲਈ ਸਿਟੀ ਉਨ੍ਹਾਂ ਨਾਲ ਕੰਮ ਕਰਨ ਲਈ ਵਚਨਬੱਧ ਹੈ। ਇਸ ਟੂਲਕਿੱਟ ਦਾ ਮਕਸਦ ਲੋਕਲ ਬਿਜ਼ਨਸਾਂ ਅਤੇ ਉਨ੍ਹਾਂ ਦੇ ਮੁਲਾਜ਼ਮਾਂ ਦੀ ਬਾਈਲਾਅ ਨੰਬਰ 8075 ਹੇਠ ਸ਼ਰਤਾਂ ਨੂੰ ਸਮਝਣ ਵਿਚ ਮਦਦ ਕਰਨਾ ਹੈ ਅਤੇ ਨਵੀਂਆਂ ਸ਼ਰਤਾਂ ਲਈ ਪਲੈਨਿੰਗ ਕਰਨ ਅਤੇ ਇਨ੍ਹਾਂ ਨੂੰ ਲਾਗੂ ਕਰਨ ਵਿਚ ਮਦਦ ਕਰਨਾ ਹੈ।

### ਬਾਈਲਾਅ ਨੰਬਰ 8075 ਕੀ ਮਨਾਹੀ ਕਰਦਾ ਹੈ?

- ਪਲਾਸਟਿਕ ਦੇ ਚੈੱਕਆਊਟ ਬੈਗ
- ਤਿਆਰ ਕੀਤੇ ਗਏ ਖਾਣੇ ਲਈ ਫੋਮ (ਪੌਲੀਸਟਾਇਰੀਨ) ਦੇ ਖਾਣਾ ਦੇਣ ਵਾਲੇ ਭਾਂਡੇ (ਜਿਵੇਂ ਫੋਮ ਦੀਆਂ ਪਲੇਟਾਂ, ਕਲੈਮਸ਼ੈਲ ਡੱਬੇ, ਕਟੋਰੇ ਅਤੇ ਕੱਪ)



ਪਲਾਸਟਿਕ ਦੇ ਚੈੱਕਆਊਟ ਬੈਗਾਂ 'ਤੇ ਪਾਬੰਦੀ ਵਿਚ ਗਲਣਯੋਗ ਅਤੇ ਬਾਇਓਡੀਗਰੇਡੇਬਲ ਪਲਾਸਟਿਕਾਂ ਵੀ ਸ਼ਾਮਲ ਹਨ। ਇਨ੍ਹਾਂ ਪਾਬੰਦੀਆਂ ਵਿਚ ਕੁਝ ਛੋਟਾਂ ਹਨ; ਅਗਲੇ ਸਫੇ 'ਤੇ ਖਾਨਾ ਦੇਖੋ।

ਬਿਜ਼ਨਸਾਂ ਲਈ ਵਾਤਾਵਰਣ ਪ੍ਰਤੀ ਦੋਸਤਾਨਾ ਹੋਰ ਬਦਲ ਸੌਖਿਆਂ ਹੀ ਉਪਲਬਧ ਹਨ, ਜਿਵੇਂ ਕਿ:

- ਪਲਾਸਟਿਕ ਦੇ ਠੋਸ ਕਨਟੇਨਰ, ਜਿਨ੍ਹਾਂ ਨੂੰ ਰੈਜ਼ੀਡੈਂਸ਼ਲ ਕਰਬਸਾਈਡ ਪ੍ਰੋਗਰਾਮਾਂ ਵਿਚ ਰੀਸਾਇਕਲ ਕੀਤਾ ਜਾ ਸਕਦਾ ਹੈ
- ਫਾਇਬਰ ਵਾਲੀ ਸਾਮੱਗਰੀ ਜਿਹੜੀ ਕਰਬਸਾਈਡ ਔਰਗੈਨਿਕਸ ਪ੍ਰੋਗਰਾਮਾਂ ਵਿਚ ਕੰਪੋਸਟ ਕੀਤੀ ਜਾ ਸਕਦੀ ਹੈ

ਬਦਲਾਂ ਦੀ ਲਿਸਟ ਲਈ ਅਗਲੇ ਸਫੇ ਉੱਪਰ ਖਾਨਾ ਦੇਖੋ ਅਤੇ ਹੋਰ ਵਸੀਲਿਆਂ ਤੱਕ ਪਹੁੰਚ ਲਈ **letstalk.delta.ca/singleuse** 'ਤੇ ਜਾਉ।

## ਬਾਈਲਾਅ ਨੰਬਰ 8075 ਦਾ ਸੰਖੇਪ

### ਪਾਬੰਦੀਸ਼ੁਦਾ ਚੀਜ਼ਾਂ: ਖਾਣਿਆਂ ਦੀ ਸਰਵਿਸ ਵਾਲੇ ਫੋਮ ਦੇ ਭਾਂਡੇ

- ਪਲੇਟਾਂ
- ਕੱਪ
- ਕਟੋਰੇ
- ਟਰੇਆਂ
- ਡੱਬੇ
- ਹਿੰਜਾਂ ਵਾਲੇ ਜਾਂ ਢੱਕਣਾਂ ਵਾਲੇ ਕਨਟੇਨਰ

**ਛੋਟਾਂ:**

- ਹਸਪਤਾਲਾਂ ਅਤੇ ਕਮਿਊਨਟੀ ਕੇਅਰ ਸਥਾਨਾਂ ਨੂੰ ਛੋਟ ਹੈ।
- ਡੈਲਟਾ ਤੋਂ ਬਾਹਰ ਤਿਆਰ ਕੀਤੇ ਗਏ ਖਾਣੇ ਦੇ ਭਰੇ ਹੋਏ ਅਤੇ ਸੀਲਬੰਦ ਕੀਤੇ ਹੋਏ ਡੱਬਿਆਂ ਨੂੰ ਛੋਟ ਹੈ।

**ਬਦਲ:**

- ਕੋਟਿੰਗ ਤੋਂ ਬਿਨਾਂ ਫਾਇਬਰ ਵਾਲੀਆਂ ਵਸਤਾਂ (ਪੇਪਰ ਦੀਆਂ)
- ਪਲਾਸਟਿਕ ਦੀ ਲਾਈਨਿੰਗ ਨਾਲ ਫਾਇਬਰ ਵਾਲੀਆਂ ਵਸਤਾਂ (ਜਿਨ੍ਹਾਂ ਵਿਚ ਗਲਣਯੋਗ ਪਲਾਸਟਿਕ ਦੀ ਲਾਈਨਿੰਗ ਵੀ ਸ਼ਾਮਲ ਹੈ)
- ਕੱਚ*
- ਸਿਲੀਕੋਨ*
- ਬਾਂਸ*
- ਅਲੂਮਿਨੀਅਮ ਦੇ ਕਨਟੇਨਰ*
- ਦੁਬਾਰਾ ਵਰਤੀਆਂ ਜਾਣ ਵਾਲੀਆਂ ਸਟੇਨਲੈੱਸ ਸਟੀਲ ਦੀਆਂ ਟਰੇਆਂ, ਪਲੇਟਾਂ, ਅਤੇ ਟਿਫਨ*
- ਦੁਬਾਰਾ ਵਰਤੀਆਂ ਜਾਣ ਵਾਲੀਆਂ ਪਲਾਸਟਿਕ ਦੀਆਂ ਪਲੇਟਾਂ, ਕਟੋਰੇ ਅਤੇ ਡੱਬੇ
- ਦੁਬਾਰਾ ਵਰਤੇ ਜਾਣ ਵਾਲੇ ਟਰੈਵਲ ਮੱਗ
- ਘੁੱਟੇ ਹੋਏ ਪੱਤਿਆਂ ਦੀਆਂ ਪਲੇਟਾਂ ਅਤੇ ਕਟੋਰੇ

**ਪਲਾਸਟਿਕ ਦੀ ਰਹਿੰਦ-ਖੂੰਹਦ ਘਟਾਉਣ ਵਿਚ ਮਦਦ ਲਈ ਗਾਹਕ ਇਹ ਚੀਜ਼ਾਂ ਲਿਆ ਸਕਦੇ ਹਨ। ਕਿਰਪਾ ਕਰਕੇ ਆਪਣੀ ਫੂਡ ਸੇਫਟੀ ਅਤੇ ਸੈਨੀਟੇਸ਼ਨ ਪਲੈਨ ਦੀ ਪਾਲਣਾ ਕਰੋ।*

### ਪਾਬੰਦੀਸ਼ੁਦਾ ਚੀਜ਼ਾਂ: ਪਲਾਸਟਿਕ ਦੇ ਚੈੱਕਆਊਟ ਬੈਗ

- ਬਿਜ਼ਨਸ ਤੋਂ ਖਰੀਦੀਆਂ ਜਾਂ ਮਿਲੀਆਂ ਚੀਜ਼ਾਂ ਲਈ ਵਰਤੇ ਜਾਂਦੇ ਪਲਾਸਟਿਕ ਦੇ ਬੈਗ, ਜਿਸ ਵਿਚ ਬਾਇਓਡੀਗਰੇਡੇਬਲ/ਗਲਣਯੋਗ ਪਲਾਸਟਿਕ ਵੀ ਸ਼ਾਮਲ ਹੈ
- ਟੇਕ-ਆਊਟ ਜਾਂ ਡਲਿਵਰੀ ਫੂਡ ਲਈ ਵਰਤੇ ਜਾਂਦੇ ਪਲਾਸਟਿਕ ਦੇ ਬੈਗ, ਜਿਸ ਵਿਚ ਬਾਇਓਡੀਗਰੇਡੇਬਲ/ਗਲਣਯੋਗ ਪਲਾਸਟਿਕ ਵੀ ਸ਼ਾਮਲ ਹੈ

**ਛੋਟਾਂ:**

- ਪਲਾਸਟਿਕ ਦੇ ਉਹ ਬੈਗ ਜਿਹੜੇ ਗਾਹਕ ਦੁਬਾਰਾ ਵਰਤਣ ਲਈ ਲਿਆਉਂਦੇ ਹਨ
- ਘਰ ਵਿਚ ਵਰਤੋਂ ਲਈ ਕਈ ਬੈਗਾਂ ਦੇ ਪੈਕੇਜ
- ਇਨ੍ਹਾਂ ਚੀਜ਼ਾਂ ਲਈ ਵਰਤੇ ਜਾਂਦੇ ਪਲਾਸਟਿਕ ਦੇ ਬੈਗ:
  - ਖੁੱਲ੍ਹੀਆਂ ਚੀਜ਼ਾਂ ਪਾਉਣ ਲਈ ਬੈਗ ਜਿਵੇਂ ਫਲ, ਸਬਜ਼ੀਆਂ, ਗਿਰੀਆਂ, ਦਾਣੇ ਜਾਂ ਕੈਂਡੀ;
  - ਖੁੱਲ੍ਹੀਆਂ ਛੋਟੀਆਂ ਹਾਰਡਵੇਅਰ ਦੀਆਂ ਚੀਜ਼ਾਂ ਜਿਵੇਂ ਮੇਖਾਂ ਜਾਂ ਕਾਬਲੇ;
  - ਮੀਟ, ਪੋਲਟਰੀ, ਮੱਛੀ ਅਤੇ ਫਰੋਜ਼ਨ ਖਾਣੇ;
  - ਫੁੱਲ ਜਾਂ ਗਮਲਿਆਂ ਵਿਚ ਬੂਟੇ;
  - ਉਹ ਤਿਆਰ ਖਾਣੇ ਜਾਂ ਬੇਕਰੀ ਦੀਆਂ ਵਸਤਾਂ ਜਿਹੜੀਆਂ ਪਹਿਲਾਂ ਹੀ ਪੈਕ ਨਹੀਂ ਹਨ;
  - ਜੀਵਤ ਮੱਛੀ ਨੂੰ ਲਿਜਾਣਾ;
  - ਚਾਦਰਾਂ, ਬਿਸਤਰੇ ਜਾਂ ਇਸ ਤਰ੍ਹਾਂ ਦੀਆਂ ਕੱਪੜੇ ਦੀਆਂ ਘਰੇਲੂ ਵਰਤੋਂ ਲਈ ਚੀਜ਼ਾਂ;
  - ਅਖਬਾਰ ਜਾਂ ਹੋਰ ਛਪੀ ਹੋਈ ਸਾਮੱਗਰੀ ਜਿਹੜੀ ਕਿਸੇ ਦੀ ਰਿਹਾਇਸ਼ ਜਾਂ ਬਿਜ਼ਨਸ ਦੀ ਥਾਂ 'ਤੇ ਛੱਡੀ ਜਾਣੀ ਹੈ; ਜਾਂ
  - ਪ੍ਰੋਫੈਸ਼ਨਲ ਧੁਲਾਈ ਜਾਂ ਡਰਾਈ ਕਲੀਨਿੰਗ ਤੋਂ ਬਾਅਦ ਕੱਪੜੇ।

**ਬਦਲ:**

- ਪੇਪਰ ਦੇ ਉਹ ਬੈਗ ਜਿਹੜੇ ਘੱਟੋ ਘੱਟ 40% ਰੀਸਾਈਕਿਲ ਕੀਤੀ ਹੋਈ ਸਾਮੱਗਰੀ ਤੋਂ ਬਣੇ ਹਨ
- ਦੁਬਾਰਾ ਵਰਤੀ ਜਾਣ ਵਾਲੀ ਪਲਾਸਟਿਕ (ਵੋਵਨ ਪੌਲੀਪ੍ਰੋਫਲੀਨ, ਨੌਨ-ਵੋਵਨ ਪੌਲੀਪ੍ਰੋਫਲੀਨ)
- ਨੈਚੁਰਲ ਕੱਪੜਾ (ਸੂਤੀ, ਸਣ)

*ਪਲਾਸਟਿਕ ਦੀ ਰਹਿੰਦ-ਖੂੰਹਦ ਘਟਾਉਣ ਵਿਚ ਮਦਦ ਲਈ ਗਾਹਕ ਇਹ ਚੀਜ਼ਾਂ ਲਿਆ ਸਕਦੇ ਹਨ।*

## ਬੈਗਾਂ ਲਈ ਫੀਸਾਂ

ਗਾਹਕਾਂ ਨੂੰ ਪਲਾਸਟਿਕ ਦੇ ਚੈੱਕਆਊਟ ਬੈਗ ਦੇਣ ਦੀ ਬਿਜ਼ਨਸਾਂ ਨੂੰ ਮਨਾਹੀ ਹੈ, ਜਿਨ੍ਹਾਂ ਵਿਚ ਉਹ ਬੈਗ ਵੀ ਸ਼ਾਮਲ ਹਨ ਜਿਨ੍ਹਾਂ ਉੱਪਰ ਕੰਪੋਸਟੇਬਲ ਜਾਂ ਬਾਇਓਡੀਗਰੇਡੇਬਲ ਦੇ ਲੇਬਲ ਲੱਗੇ ਹੋਏ ਹਨ। ਜੇ ਕੋਈ ਬਿਜ਼ਨਸ ਕਿਸੇ ਗਾਹਕ ਨੂੰ ਚੈੱਕਆਊਟ ਬੈਗ ਦੇਣਾ ਚਾਹੁੰਦਾ ਹੋਵੇ ਤਾਂ ਉਸ ਲਈ ਪਹਿਲਾਂ ਗਾਹਕ ਤੋਂ ਇਹ ਪੁੱਛਣਾ ਜ਼ਰੂਰੀ ਹੈ ਕਿ ਕੀ ਗਾਹਕ ਨੂੰ ਬੈਗ ਦੀ ਲੋੜ ਹੈ ਅਤੇ ਫਿਰ ਹੇਠਾਂ ਦੱਸੇ ਮੁਤਾਬਕ ਫੀਸ ਚਾਰਜ ਕਰਨਾ ਜ਼ਰੂਰੀ ਹੈ:

- ਪੇਪਰ ਦੇ ਬੈਗਾਂ ਲਈ ਘੱਟੋ ਘੱਟ 25 ਸੈਂਟਾਂ ਦੀਆਂ ਫੀਸਾਂ
- ਦੁਬਾਰਾ ਵਰਤੇ ਜਾਣ ਵਾਲੇ ਬੈਗਾਂ ਲਈ ਘੱਟੋ ਘੱਟ 2 ਡਾਲਰ ਦੀਆਂ ਫੀਸਾਂ

*ਇਹ ਫੀਸਾਂ ਬੈਗਾਂ ਦੀਆਂ ਬਦਲਵੀਂਆਂ ਵਸਤਾਂ ਲਈ ਖਰਚਾ ਰਿਕਵਰ ਕਰਨ ਵਿਚ ਮਦਦ ਲਈ ਬਿਜ਼ਨਸ ਵਲੋਂ ਰੱਖੇ ਜਾਂਦੇ ਹਨ।*

## ਲਾਗੂ ਕਰਨ ਦਾ ਸਮਾਂ

ਡੈਲਟਾ ਸਿਟੀ ਵਲੋਂ ਲਾਗੂ ਕਰਨ ਦਾ ਸਮਾਂ ਬਿਜ਼ਨਸਾਂ ਨੂੰ ਪਹਿਲੀ ਸਪਲਾਈ ਨੂੰ ਵਰਤਣ, ਮੁਲਾਜ਼ਮਾਂ ਨੂੰ ਟਰੇਂਡ ਕਰਨ ਅਤੇ ਨਵੀਂਆਂ ਸ਼ਰਤਾਂ ਅਪਣਾਉਣ ਲਈ ਲੋੜੀਂਦੀਆਂ ਕੋਈ ਵੀ ਹੋਰ ਤਬਦੀਲੀਆਂ ਕਰਨ ਦਾ ਮੌਕਾ ਦੇਣ ਲਈ ਮਿੱਥਿਆ ਗਿਆ ਹੈ। ਇਸ ਵਿਚ ਬਾਈਲਾਅ ਨੰਬਰ 8075 ਨੂੰ ਅਪਣਾਉਣ ਤੋਂ ਬਾਅਦ ਲਾਗੂ ਕੀਤੇ ਜਾਣ ਲਈ ਛੇ ਮਹੀਨੇ ਦੀ ਦੇਰੀ ਸ਼ਾਮਲ ਹੈ, ਅਤੇ ਇਸ ਤੋਂ ਬਾਅਦ ਛੇ ਮਹੀਨੇ ਦਾ ਹੋਰ ਵਾਧੂ ਸਮਾਂ ਹੈ ਜਿਹੜਾ ਸਖਤੀ ਨਾਲ ਲਾਗੂ ਕਰਨਾ ਸ਼ੁਰੂ ਕਰਨ ਤੋਂ ਪਹਿਲਾਂ ਸਿੱਖਿਆ ਦੇਣ ਅਤੇ ਜਾਗਰੂਕ ਕਰਨ 'ਤੇ ਕੇਂਦਰਿਤ ਹੈ।

| ਦਸੰਬਰ 2021 | ਜਨਵਰੀ–ਜੂਨ 2022 | ਜੂਨ 2022 | ਦਸੰਬਰ 2022 |
|---|---|---|---|
| ਕੌਂਸਲ ਨੇ ਬਾਈਲਾਅ ਨੰਬਰ 8075 ਅਪਣਾਇਆ। | ਵਸਨੀਕਾਂ ਅਤੇ ਬਿਜ਼ਨਸਾਂ ਲਈ ਸਿੱਖਿਆ ਅਤੇ ਜਾਗਰੂਕ ਕਰਨ ਦੀ ਮੁਹਿੰਮ। | ਬਾਈਲਾਅ ਨੰਬਰ 8075 ਲਾਗੂ ਹੋ ਜਾਂਦਾ ਹੈ ਅਤੇ ਡੈਲਟਾ ਵਿਚਲੇ ਸਾਰੇ ਬਿਜ਼ਨਸਾਂ ਉੱਪਰ ਲਾਗੂ ਹੁੰਦਾ ਹੈ। ਬਿਜ਼ਨਸਾਂ ਵਲੋਂ ਪਾਲਣਾ ਦੇ ਔਡਿਟ ਸ਼ੁਰੂ ਹੁੰਦੇ ਹਨ; ਪਾਲਣਾ ਨਾ ਕਰਨ 'ਤੇ ਸਖਤੀ ਕਰਨ ਦੀ ਬਜਾਏ ਵਾਰਨਿੰਗ ਅਤੇ ਜਾਣਕਾਰੀ ਦਿੱਤੀ ਜਾਂਦੀ ਹੈ। | ਡੈਲਟਾ ਕੌਂਸਲ ਬਾਈਲਾਅ ਨੰਬਰ 8075 ਨੂੰ ਜੁਰਮਾਨਿਆਂ ਅਤੇ ਹੋਰ ਪੈਨਲਟੀਆਂ ਨਾਲ ਲਾਗੂ ਕਰਨਾ ਸ਼ੁਰੂ ਕਰਨ ਬਾਰੇ ਵਿਚਾਰ ਕਰਦੀ ਹੈ। |

## ਸਖਤੀ ਨਾਲ ਲਾਗੂ ਕਰਨਾ

ਸਿਟੀ ਸਖਤੀ ਨਾਲ ਲਾਗੂ ਕਰਨ ਦਾ ਪੜਾ ਸਿੱਖਿਆ ਦੇਣ ਅਤੇ ਲਾਗੂ ਕਰਨ ਦੇ ਆਪਣੇ ਯਤਨਾਂ ਵਿਚ ਬਿਜ਼ਨਸਾਂ ਦੀ ਮਦਦ ਲਈ ਕੰਮ ਕਰਨਾ ਜਾਰੀ ਰੱਖ ਕੇ ਸ਼ੁਰੂ ਕਰੇਗਾ। ਇਹ ਇਕ ਪੜਾਅਵਾਰ ਪਹੁੰਚ ਹੋਵੇਗੀ ਤਾਂ ਜੋ ਇਹ ਪੱਕਾ ਹੋਵੇ ਕਿ ਕਾਮਯਾਬੀ ਨਾਲ ਪਾਲਣਾ ਕਰਨ ਲਈ ਬਿਜ਼ਨਸਾਂ ਕੋਲ ਸਾਰੀ ਲੋੜੀਂਦੀ ਜਾਣਕਾਰੀ ਅਤੇ ਵਸੀਲੇ ਹਨ।

ਸਿੱਖਿਆ ਦੇਣ ਦੇ ਮੁਢਲੇ ਵਾਧੂ ਸਮੇਂ 'ਤੇ ਧਿਆਨ ਦੇਣ ਤੋਂ ਬਾਅਦ, ਡੈਲਟਾ ਕੌਂਸਲ ਬਾਈਲਾਅ ਨੰਬਰ 8075 ਨੂੰ ਸਖਤੀ ਨਾਲ ਲਾਗੂ ਕਰਨਾ ਸ਼ੁਰੂ ਕਰਨ ਬਾਰੇ ਵਿਚਾਰ ਕਰੇਗੀ। ਪਾਲਣਾ ਨਾ ਕਰਨ ਲਈ ਪੈਨਲਟੀਆਂ ਵਿਚ 200 ਡਾਲਰ ਦੇ ਜੁਰਮਾਨੇ ਦੀ ਟਿਕਟ ਸ਼ਾਮਲ ਹੋ ਸਕਦੀ ਹੈ।

ਪਾਲਣਾ ਨਾ ਕਰਨ ਦੀਆਂ ਉਦਾਹਰਣਾਂ ਵਿਚ ਇਹ ਸ਼ਾਮਲ ਹਨ:

- ਗਰੋਸਰੀ ਇੱਕੋ ਵਾਰੀ ਵਰਤੇ ਜਾਣ ਵਾਲੇ ਪਲਾਸਟਿਕ ਦੇ ਚੈੱਕਆਊਟ ਬੈਗਾਂ ਵਿਚ ਪਾਉਣਾ
- ਗਾਹਕਾਂ ਨੂੰ ਪੇਪਰ ਦੇ ਬੈਗ ਜਾਂ ਦੁਬਾਰਾ ਵਰਤੇ ਜਾਣ ਵਾਲੇ ਬੈਗ ਲਈ ਫੀਸ ਨਾ ਚਾਰਜ ਕਰਨਾ
- ਖਾਣ ਲਈ ਤਿਆਰ ਖਾਣੇ ਫੋਮ ਦੇ ਟੇਕ-ਆਊਟ ਕਨਟੇਨਰਾਂ ਵਿਚ ਪਾਉਣਾ

## ਸੰਪਰਕ

ਹੋਰ ਜਾਣਕਾਰੀ ਲਈ **letstalk.delta.ca/singleuse** 'ਤੇ ਜਾਉ ਜਾਂ ਸਿਟੀ ਔਫ ਡੈਲਟਾ ਦੇ ਔਫਿਸ ਔਫ ਕਲਾਈਮੇਟ ਐਕਸ਼ਨ ਐਂਡ ਇਨਵਾਇਰਮੈਂਟ ਨਾਲ ਈਮੇਲ **cae@delta.ca** 'ਤੇ ਸੰਪਰਕ ਕਰੋ।